Exam. Code: 0005
Sub. Code: 0407

2021
B.A./B.Sc.(General)-5th Semester
Punjabi (Elective)

Time allowed: 3 Hours | Max. Marks: 90

**ਨੋਟ:- ਸਾਫ਼ ਅਤੇ ਸਪੱਸ਼ਟ ਲਿਖੋ। ਵੱਖ-ਵੱਖ ਉਪਭਾਗਾ ਵਾਲੇ ਸਾਰੇ ਪ੍ਰਸ਼ਨ ਇੱਕਠੇ ਹੱਲ ਕਰੋ।**

-*-*-*-

1. (ੳ) ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:-

(1) ਜਿਤੁ ਦਿਹਾੜੈ ਧਨ ਵਰੀ, ਸਾਹੇ ਲਏ ਲਿਖਾਇ।।
ਮਲਕੁ ਜਿ ਕੰਨੀ ਸੁਣੀਦਾ, ਮੁਹੁ ਦੇਖਾਲੇ ਆਇ।।
ਜਿੰਦੁ ਨਿਮਾਣੀ ਕਢੀਐ, ਹਡਾਂ ਕੂੰ ਕੜਕਾਇ।।
ਸਾਹੇ ਲਿਖੇ ਨ ਚਲਨੀ, ਜਿੰਦੂ ਕੂੰ ਸਮਝਾਇ।।

(2) ਵੇਖਣ ਚੰਡਿ ਪ੍ਰਚੰਡ ਨੋ, ਰਣਿ ਘੁਰੇ ਨਗਾਰੇ।
ਧਾਏ ਰਾਕਸ਼ ਰੋਹਲੇ, ਚਉ ਗਿਰਦੇ ਭਾਰੇ।
ਹੱਥੀ ਤੇਗਾਂ ਪਕੜਿ ਕੇ, ਰਣਿ ਭਿੜ ਕਰਾਰੇ।
ਕਦੇ ਨ ਨੱਠੇ ਜੁਧ ਤੇ, ਵਡ ਜੋਧ ਜੁਝਾਰੇ। (10)

(ਅ) ਕਿਸੇ ਇੱਕ ਕਵਿਤਾ ਦਾ ਵਿਸ਼ਾ-ਵਸਤੂ ਲਿਖੋ:-

(1) ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ
(2) ਕਲਿ ਆਈ ਕੁਤੇ ਮੁਹੀ। (10)

2. (ੳ) ਨਾਟਕ 'ਜਿਨੁ ਸਚੁ ਪਲੈ ਹੋਇ' ਦੇ ਆਧਾਰ ਤੇ ਕਿਸੇ ਇੱਕ ਵਾਰਤਾਲਾਪ-ਟੋਟੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:-

(1) ਆਮ ਸੰਤ ਇਉਂ ਹੀ ਕਰਦੇ ਨੇ ਤਾਈ, ਪਰ ਇਹ ਸੰਤ ਹੀ-ਨਿਰਾਲੇ ਨੇ। ਸੇਵਾ ਇਨ੍ਹਾਂ ਲਈ ਪ੍ਰਭੂ ਸਿਮਰਨ ਦੇ ਬਰਾਬਰ ਏ। ਕਹਿੰਦੇ ਨੇ "ਬਿਨੁ ਸੇਵਾ ਧ੍ਰਿਗ ਹਥੁ ਪੈਰੁ ਹੋਰ ਨਿਰਫਲੁ ਕਰਨੀ, ਸੁਖ ਹੋਵੇ ਸੇਵ ਕਮਾਣੀਆ।"

(2) ਮੈਂ ਨਵਾਬ ਵੱਲੋ ਇਹ ਦੱਸਣ ਆਇਆ ਹਾਂ ਕਿ ਅਸੀਂ ਉਸਨੂੰ ਰਾਹੇ-ਰਸਤੇ ਲਿਆਉਣ ਲਈ ਹਰ ਕਿਸਮ ਦੀ ਮੱਦਦ ਦੇਣ ਲਈ ਤਿਆਰ ਹਾਂ, ਪੈਸੇ ਦੀ ਵੀ, ਆਦਮੀਆ ਦੀ ਵੀ, ਤੇ ਕਾਨੂੰਨੀ ਵੀ। ਉਹ ਦੋਹਾਂ ਮਜ਼੍ਹਬਾਂ ਨੂੰ ਬਦਨਾਮ ਕਰਕੇ ਨਵਾਂ ਪੰਥ ਚਲਾਉਣ ਲੱਗਾ ਏ। ਸਰਕਾਰ ਇਹ ਨਹੀ: ਬਰਦਾਸ਼ਤ ਕਰ ਸਕਦੀ। (10)

(ਅ) ਅਮਰ ਅਤੇ ਧੰਨ ਦੇਈ ਪਾਤਰਾ ਦੇ ਸੁਭਾ ਲਿਖੋ।

ਜਾਂ

'ਜਿਨੁ ਸਚੁ ਪਲੈ ਹੋਇ' ਨਾਟਕ ਦਾ ਵਿਸ਼ਾ-ਵਸਤੂ ਸ਼ਪੱਸ਼ਟ ਕਰੋ। (10)

***P.T.O.***

3. ਹੇਠ ਲਿਖੇ ਪ੍ਰਸ਼ਨਾਂ ਵਿੱਚੋ ਪੰਜ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:-
   (ੳ) ਇੰਦਰ ਦੁਆਰਾ ਦੁਰਗਾ ਅੱਗੇ ਫਰਿਆਦ ਕਰਨ ਦੀ ਘਟਨਾ ਲਿਖੋ।
   (ਅ) ਸ਼ੇਖ ਫ਼ਰੀਦ ਜੀ ਦੀ ਬਾਣੀ ਵਿੱਚ ਸੰਸਾਰ ਦੀ ਨਾਸ਼ਮਾਨਤਾ ਬਾਰੇ ਕੀ ਕਿਹਾ ਗਿਆ?
   (ੲ) 'ਜੋ ਤਿਸੁ ਭਾਵੈ ਨਾਨਕਾ' ਸ਼ਬਦ ਵਿੱਚ ਗੁਰੂ ਜੀ ਨੇ ਪਰਮਾਤਮਾ ਦੀ ਭਰਪੂਰਤਾ ਬਾਰੇ ਕੀ ਕਿਹਾ ਗਿਆ ਹੈ?
   (ਸ) ਨਿੰਦਕੁ ਅਹਿਲਾ ਜਨਮ ਗਵਾਇਆ' ਸ਼ਬਦਾ ਦਾ ਕੇਂਦਰੀਭਾਵ ਲਿਖੋ।
   (ਹ) 'ਸੰਤ ਸਹਾਈ ਆਦਿ ਜੁਗਾਦਿ' ਕਵਿਤਾ ਵਿੱਚ ਕਿਹੜੀ ਕਥਾ ਨੂੰ ਪੇਸ਼ ਕੀਤਾ ਗਿਆ ਹੈ?
   (ਕ) ਜੀ 'ਜਿਨੁ ਨਚੁ ਪਲੈ ਹੋਇ' ਨਾਟਕ ਦਾ ਨਾਂ ਢੁੱਕਵਾ ਹੈ? ਸ਼ਪੱਸ਼ਟ ਕਰੋ।
   (ਖ) ਅਮਰ ਨੇ ਧੰਨ ਦੇਈ ਨੂੰ ਗੁਰੂ ਨਾਨਕ ਦੇਵ ਜੀ ਬਾਰੇ ਕੀ ਦਸਿਆ?
   (ਗ) ਜੋਗੀ ਹਰੋ ਨੂੰ ਕੀ ਕਹਿੰਦਾ ਹੈ? (5×2)

4. ਪੰਜਾਬੀ ਸਾਹਿਤ ਦੇ ਇਤਿਹਾਸ ਨਾਲ ਸੰਬੰਧਤ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਚਾਰ ਦੇ ਉੱਤਰ ਲਗਭਗ 50 ਸ਼ਬਦਾਂ ਵਿੱਚ ਲਿਖੋ:-
   (ੳ) ਗੁਰੂ ਨਾਨਕ ਕਾਲ ਵਿੱਚ ਉਪਜੀ ਵਾਰਤਕ ਨਾਲ ਜਾਣ-ਪਛਾਣ ਕਰਾਉ?
   (ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਦੱਸੋ।
   (ੲ) ਗੁਰੂ ਨਾਨਕ ਦੇਵ ਜੀ ਦੀ ਰਚਨਾ ਦੇ ਕਾਵਿ-ਗੁਣ ਲਿਖੋ।
   (ਸ) ਪੂਰਵ ਨਾਨਕ ਕਾਲ ਵਿੱਚ ਕਿਹੜੀ-ਕਿਹੜੀ ਕਾਵਿਧਾਰਾ ਵਿਕਸਿਤ ਹੋਈ?
   (ਹ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਚੰਡੀ ਦੀ ਵਾਰ' ਦੀਆਂ ਵਿਸ਼ੇਸ਼ਤਾਈਆਂ ਲਿਖੋ।
   (ਕ) ਆਦਿ ਗ੍ਰੰਥ ਦੇ ਸੰਪਾਦਕ ਦੇ ਰੂਪ ਵਿੱਚ ਗੁਰੂ ਅਰਜਨ ਦੇਵ ਜੀ ਦੀ ਦੇਣ ਸ਼ਪੱਸ਼ਟ ਕਰੋ। (4×5)

5. ਭਾਰਤੀ ਕਾਵਿ ਸ਼ਾਸਤਰ ਰੀਤੀ ਜਾਂ ਔਚਿਤਯ ਸੰਪਰਦਾਇ ਬਾਰੇ ਲਿਖੋ। (10)

6. ਕਿਸੇ ਇੱਕ ਸਾਹਿਤ ਰੂਪ ਤੇ ਨੋਟ ਲਿਖੋ:-
   (ੳ) ਕਾਫ਼ੀ
   (ਅ) ਜਨਮ ਸਾਖੀ (10)

-*-*-*-